# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
# ਐਸ. ਸੀ. ੳ ਨੰ. 104-106, ਸੈਕਟਰ 34 ਏ, ਚੰਡੀਗੜ੍ਹ

---

ਵੱਲ :

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ

ਮੀਮੋ ਨੰ 13/2-2012/ਸਸਅ/ਐਮ.ਆਈ.ਐਸ/ਡਾਈਸ/੦੪੬੫੧੪
ਮਿਤੀ ਚੰਡੀਗੜ੍ਹ 3 ਅਕਤੂਬਰ, 2012

**ਵਿਸ਼ਾ :** **ਡਾਈਸ ਸਰਵੇ 2012-13 ਸਬੰਧੀ।**

1) ਉਪਰੋਕਤ ਵਿਸ਼ੇ ਸਬੰਧੀ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2) ਡਾਈਸ ਸਰਵੇ ਅਧੀਨ ਸਕੂਲਾਂ ਤੱਕ ਪ੍ਰਫਾਰਮੇ ਪਹੁੰਚਾਉਣ ਅਤੇ ਭਰੇ ਗਏ ਪ੍ਰਫਾਰਮਿਆਂ ਨੂੰ ਸਕੂਲਾਂ ਤੋਂ ਇਕੱਤਰ ਕਰਕੇ ਬਲਾਕ ਨੋਡਲ ਅਫਸਰ ਜਾਂ ਜਿਲ੍ਹਾ ਐਮ.ਆਈ.ਐਸ. ਕੁਆਰਡੀਨੇਟਰ ਨੂੰ ਦੇਣ ਲਈ ਬਲਾਕ ਪੱਧਰ ਤੇ ਲਗਾਏ ਗਏ ਬੀ.ਆਰ.ਪੀਜ਼ (ਵਿਸ਼ਾ ਵਿਸ਼ੇਸ਼ ਅਤੇ ਜਨਰਲ), ਬਲਾਕ ਐਮ.ਆਈ.ਐਸ. ਕੁਆਰਡੀਨੇਟਰ, ਲੇਖਾਕਾਰ, ਜੂਨੀਆਰ ਇੰਜੀਨੀਅਰ, ਅਸਿਸਟੈਂਟ ਬਲਾਕ ਮੈਨੇਜਰ ਦੀ ਡਿਊਟੀ ਲਗਾਈ ਗਈ ਹੈ।

3) ਜਿਲ੍ਹਾ ਐਮ.ਆਈ.ਐਸ. ਕੁਆਰਡੀਨੇਟਰ ਵਲੋਂ ਪ੍ਰਫਾਰਮਾਂ ਭਰਵਾਉਣ ਸਬੰਧੀ ਟ੍ਰੇਨਿੰਗ ਉਪਰੋਕਤ ਦਰਸਾਏ ਸਮੂਹ ਬਲਾਕ ਅਧਿਕਾਰੀਆਂ ਨੂੰ ਦਿੱਤੀ ਜਾਵੇਗੀ ਅਤੇ ਆਲਾਟ ਕੀਤੇ ਸਕੂਲਾਂ ਤੋਂ ਪ੍ਰਫਾਰਮੇਂ ਮਿੱਥੇ ਸਮੇਂ ਅੰਦਰ ਭਰਵਾਉਣ ਸਬੰਧੀ ਕਾਰਵਾਈ ਇਨ੍ਹਾਂ ਬਲਾਕ ਅਧਿਕਾਰੀਆਂ ਵਲੋਂ ਕੀਤੀ ਜਾਵੇਗੀ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਇਹ ਪ੍ਰਫਾਰਮੇ ਨੂੰ ਭਰਨ ਦੀ ਜਿੰਮੇਵਾਰੀ ਸਬੰਧਤ ਸਕੂਲ ਦੀ ਹੈ, ਪਰ ਸਬੰਧਤ ਬਲਾਕ ਅਧਿਕਾਰੀ ਵਲੋਂ ਪ੍ਰਫਾਰਮਾਂ ਵਾਪਿਸ ਲੈਂਦੇ ਸਮੇਂ ਇੱਕ ਵਾਰ ਚੈੱਕ ਜਰੂਰ ਕਰ ਲਿਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**